# Victorian Homebuyer Fund

## ਤੱਥ ਪੱਤਰ

### Victorian Homebuyer Fund (ਵਿਕਟੋਰੀਅਨ ਹੋਮਬਾਇਰ ਫੰਡ) ਕੀ ਹੈ?

$1.6 ਬਿਲੀਅਨ ਦਾ Victorian Homebuyer Fund (Homebuyer Fund) ਵਿਕਟੋਰੀਆਈ ਦੀ ਸਰਕਾਰ ਦੀ ਨਵੀਂ ਸਾਂਝੀ ਇਕੁਇਟੀ ਸਕੀਮ ਹੈ। ਇਹ ਯੋਜਨਾ 10,000 ਤੋਂ ਵੱਧ ਵਿਕਟੋਰੀਆਈ ਲੋਕਾਂ ਨੂੰ ਆਪਣੇ ਖੁਦ ਦੇ ਘਰ ਵਿੱਚ ਜਾਣ ਵਿੱਚ ਮਦਦ ਦਵੇਗੀ। ਇਹ ਸਕੀਮ State Revenue Office (ਰਾਜ ਮਾਲ ਦਫਤਰ) (SRO) ਦੁਆਰਾ ਪ੍ਰਬੰਧਿਤ ਹੈ।

ਹਾਲਾਂਕਿ ਕਈ ਲੋਕ ਉਨ੍ਹਾਂ ਦੀਆਂ ਲੋੜਾਂ ਪੂਰਾ ਕਰਨ ਵਾਲਾ ਘਰ ਕਿਰਾਏ ਉੱਤੇ ਲੈਣ ਵਿੱਚ ਸਮਰਥ ਹੋ ਸਕਦੇ ਹਨ, ਪਰ ਡਿਪਾਜ਼ਿਟ ਜਮਾ ਕਰਨ ਦੀ ਚੁਣੌਤੀ ਅਤੇ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲੇ ਇੱਕ ਕਿਫਾਇਤੀ ਘਰ ਦੀ ਖੋਜ ਕਰਨਾ, ਘਰ ਦੇ ਮਾਲਿਕ ਬਣਨ ਦੀ ਸੰਭਾਵਨਾ ਨੂੰ ਪਹੁੰਚ ਤੋਂ ਦੂਰ ਕਰ ਸਕਦਾ ਹੈ।

Homebuyer Fund ਅਤੇ ਵਿਕਟੋਰੀਆਈ ਸਰਕਾਰ ਦੇ ਕਾਰਨ ਆਪਣੇ ਖੁਦ ਦੇ ਘਰ ਦਾ ਮਾਲਕਾਨਾ ਹੱਕ ਪ੍ਰਾਪਤ ਕਰਨਾ ਹੋਰ ਸੋਖਾ ਹੋ ਗਿਆ ਹੈ। ਇਹ ਤੁਹਾਡੇ ਆਪਣੇ ਘਰ ਦਾ ਮਾਲਕ ਬਣਨ ਦਾ ਇੱਕ ਤਰੀਕਾ ਹੋ ਸਕਦਾ ਹੈ।

### Homebuyer Fund ਕਿਵੇਂ ਕੰਮ ਕਰਦਾ ਹੈ?

Homebuyer Fund ਇੱਕ ਸਾਂਝੀ ਇਕੁਇਟੀ ਸਕੀਮ ਹੈ, ਜਿੱਥੇ ਵਿਕਟੋਰੀਆਈ ਸਰਕਾਰ ਪ੍ਰਾਪਰਟੀ (ਜਾਇਦਾਦ) ਵਿੱਚ ਹਿੱਸੇਦਾਰੀ ਦੇ ਬਦਲੇ ਘਰ ਦੀ ਖਰੀਦ ਵਿੱਚ ਵਿੱਤੀ ਯੋਗਦਾਨ ਦਿੰਦੀ ਹੈ। ਸਰਕਾਰ ਆਪਣੇ ਨਿਵੇਸ਼ ਉੱਤੇ ਵਿਆਜ ਨਹੀਂ ਲੈਂਦੀ ਹੈ ਪਰ ਸਰਕਾਰ ਨੂੰ ਜਾਇਦਾਦ ਵਿੱਚ ਆਪਣੇ ਹਿੱਸੇ ਦੇ ਅਨੁਪਾਤ ਦੇ ਪੂੰਜੀਗਤ ਲਾਭ ਜਾਂ ਨੁਕਸਾਨ ਵਿੱਚ ਹਿੱਸਾ ਮਿਲੇਗਾ।

ਵਿਕਟੋਰੀਆਈ ਸਰਕਾਰ ਭਾਗੀਦਾਰਾਂ ਵਲੋਂ ਖਰੀਦ ਦੀ ਕੀਮਤ ਦੇ ਵੱਧ ਤੋਂ ਵੱਧ 25% ਦਾ ਯੋਗਦਾਨ ਦਵੇਗੀ। ਇਹ ਪ੍ਰਤੀਸ਼ਤ ਐਬੋਰਿਜਨਲ ਅਤੇ ਟੋਰਸ ਸਟ੍ਰੇਟ ਦੀਪਵਾਸੀ ਭਾਗੀਦਾਰਾਂ ਲਈ ਵੱਧ ਕੇ 35% ਤਕ ਕੀਤੀ ਜਾਂਦੀ ਹੈ। ਭਾਗੀਦਾਰਾਂ ਨੂੰ ਪ੍ਰਾਪਤੀ ਕੀਮਤ ਦਾ ਘੱਟੋ ਘੱਟ 5% (ਇਹ ਐਬੋਰਿਜਨਲ ਅਤੇ ਟੋਰਸ ਸਟ੍ਰੇਟ ਦੀਪਵਾਸੀ ਭਾਗੀਦਾਰਾਂ ਲਈ 3.5% ਤਕ ਘੱਟ ਹੋ ਸਕਦਾ ਹੈ), ਅਤੇ ਨਾਲ ਹੀ ਸਟੈਂਪ ਡਿਊਟੀ ਅਤੇ ਕਨਵਿਅੰਸਦੀ ਲਾਗਤ, ਦਾ ਯੋਗਦਾਨ ਦੇਣਾ ਹੋਵੇਗਾ। ਬਾਕੀ ਰਹਿੰਦੀ ਰਾਸ਼ੀ Homebuyer Fund ਦੇ ਭਾਗੀਦਾਰ ਰਿਣਦਾਤਾ ਰਾਹੀਂ ਸੁਰੱਖਿਅਤ ਕੀਤਾ ਜਾਣਾ ਹੋਵੇਗਾ।

Homebuyer Fund ਭਾਗੀਦਾਰ ਰਿਫਾਇਨੈਂਸ ਕਰਵਾ ਕੇ, ਜਮਾ ਕੀਤੀ ਗਈ ਬਚਤ ਨਾਲ, ਜਾਂ ਜਾਇਦਾਦ ਦੀ ਵਿੱਕਰੀ ਦੇ ਬਾਅਦ, ਜਾਇਦਾਦ ਵਿੱਚ ਸਰਕਾਰ ਦੇ ਹਿੱਸੇ ਨੂੰ ਖਰੀਦ ਸਕਦੇ ਹਨ। ਵਿੱਕਰੀ ਦੇ ਲਾਭ ਪਹਿਲੇ ਭਾਗੀਦਾਰ ਰਿਣਦਾਤਾ ਵਾਸਤੇ ਬਕਾਇਆ ਕਿਸੇ ਰਾਸ਼ੀ ਦਾ ਮੁੜ-ਭੁਗਤਾਨ ਕਰਨ ਲਈ ਕੀਤਾ ਜਾਵੇਗਾ ।

| ਖਰੀਦ ਦੀ ਕੀਮਤ | $500,000 | |
|---|---|---|
| ਡਿਪਾਜ਼ਿਟ (5%) | $25,000 | |
| ਵਿਕਟੋਰੀਆਈ ਸਰਕਾਰ ਦਾ ਯੋਗਦਾਨ (25%) | $125,000 | $475,000 |
| ਬੈਂਕ ਤੋਂ ਕਰਜ਼ਾ* (70%) | $350,000 | |

*ਇਹ ਲਾਜ਼ਮੀ ਹੈ ਕਿ ਤੁਸੀਂ ਰਿਣਦਾਤਾ ਦੇ ਸਾਰੇ ਪਾਤਰਤਾ ਮਾਨਦੰਡਾਂ ਨੂੰ ਪੂਰਾ ਕਰੋ।

## ਉਦਾਹਰਨ

ਤੁਸੀਂ Homebuyer Fund ਰਾਹੀਂ ਇੱਕ ਘਰ ਖਰੀਦਦੇ ਹੋ ਅਤੇ ਆਪਣੇ ਘਰ ਦੇ ਘੱਟੋ ਘੱਟ 70 ਪ੍ਰਤੀਸ਼ਤ ਦਾ ਮਾਲਕਾਨਾ ਹੱਕ ਪ੍ਰਾਪਤ ਕਰਦੇ ਹੋ। ਤੁਸੀਂ ਘੱਟੋ ਘੱਟ 5% ਡਿਪਾਜ਼ਿਟ ਦਿੰਦੇ ਹੋ ਅਤੇ ਘਰ ਦੀ ਪ੍ਰਾਪਤੀ ਨਾਲ ਜੁੜੇ ਖਰਚੇ ਦਿੰਦੇ ਹੋ। ਵਿਕਟੋਰੀਆਈਸਰਕਾਰ 25% ਤਕ ਯੋਗਦਾਨ ਦਿੰਦੀ ਹੈ।

ਵਿਕਟੋਰੀਆਈ ਸਰਕਾਰ ਦੁਆਰਾ ਦਿੱਤਾ ਜਾਣ ਵਾਲਾ ਯੋਗਦਾਨ ਖਰੀਦ ਦੀ ਕੀਮਤ ਅਤੇ ਤੁਹਾਡੇ ਕਰਜ਼ੇ ਦੀ ਰਾਸ਼ੀ ਉੱਤੇ ਨਿਰਭਰ ਕਰਦਾ ਹੈ।

## ਕੀ ਮੈਂ ਯੋਗ ਹਾਂ?

Homebuyer Fund ਦੇ ਪਾਤਰ ਹੋਣ ਲਈ ਇਹ ਜ਼ਰੂਰੀ ਹੈ ਕਿ:

- ਤੁਸੀਂ ਆਸਟ੍ਰੇਲੀਆਈ ਨਾਗਰਿਕ ਹੋ ਜਾਂ ਤੁਹਾਡੇ ਕੋਲ ਪਰਮਾਨੈਂਟ ਰੇਜ਼ੀਡੈਂਟ (ਪੱਕੇ ਨਿਵਾਸੀ) ਦਾ ਸਟੈਟਸ ਹੋਵੇ
- ਤੁਹਾਡੀ ਉਮਰ 18 ਸਾਲ ਜਾਂ ਇਸਤੋਂ ਵੱਧ ਹੋਵੇ
- ਤੁਹਾਡਾ ਅਲੱਗ ਤੋਂ ਜਾਂ ਕਿਸੇ ਦੇ ਨਾਲ ਸਾਂਝੇ ਤੌਰ ‘ਤੇ, ਜਾਇਦਾਦ ਵਿੱਚ ਹਿੱਸਾ ਨਾ ਹੋਵੇ
- ਤੁਹਾਡਾ ਇਰਾਦਾ ਖਰੀਦੀ ਗਈ ਜਾਇਦਾਦ ਵਿੱਚ ਰਹਿਣ ਵਾਲੇ ਮਾਲਕ ਬਣਨ ਦਾ ਹੋਵੇ
- ਤੁਸੀਂ ਪ੍ਰਤੀ ਸਾਲ $130,485 ਤਕ ਦੀ ਟੈਕਸ ਯੋਗ ਆਮਦਨੀ ਵਾਲੇ ਇੱਕਲੇ ਬਿਨੈਕਾਰ ਹੋ ਜਾਂ ਪ੍ਰਤੀ ਸਾਲ $208,775 ਤਕ ਦੀ ਟੈਕਸ ਯੋਗ ਆਮਦਨੀ ਵਾਲਾ ਘਰ-ਪਰਿਵਾਰ* ਹੋ

* ਵੱਧ ਤੋਂ ਵੱਧ ਚਾਰ ਭਾਗੀਦਾਰ ਅਰਜ਼ੀ ਪਾ ਸਕਦੇ ਹਨ

## ਜੇ ਮੈਂ ਪਾਤਰ ਹਾਂ, ਤਾਂ ਮੈਂ ਕਿਸ ਤਰ੍ਹਾਂ ਦੀ ਜਾਇਦਾਦ ਖਰੀਦ ਸਕਦਾ ਹਾਂ?

ਕਿਸੇ ਜਾਇਦਾਦ ਦੇ ਪਾਤਰ ਹੋਣ ਲਈ, ਇਹ ਲਾਜ਼ਮੀ ਹੈ ਕਿ ਜਾਇਦਾਦ ‘ਰਿਹਾਇਸ਼ੀ ਜਾਇਦਾਦ’ ਹੋਵੇ। ਪਾਤਰ ਰਿਹਾਇਸ਼ੀ ਜਾਇਦਾਦਾਂ ਵਿੱਚ ਸ਼ਾਮਲਹਨ :

- ਕੋਈ ਮੌਜੂਦਾ ਘਰ, ਟਾਊਨਹਾਊਸ ਜਾਂ ਅਪਾਰਟਮੇਂਟ
- ਨਵੀਆਂ-ਬਣੀਆਂ ਜਾਇਦਾਦਾਂ ਜੇ ਜਾਇਦਾਦ ਕੋਲ ਸਰਟੀਫਿਕੇਟ ਆਫ ਆਕਯੁਪੇਨਸੀ ਹੈ

ਰਿਹਾਇਸ਼ੀ ਜਾਇਦਾਦ ਦਾ ਮੁੱਲ ਉਸ ਖੇਤਰ ਦੀ ਸਬੰਧਤ ਕੀਮਤ ਦੀ ਸੀਮਾ ਤੋਂ ਵੱਧ ਨਹੀਂ ਹੋਣਾ ਚਾਹੀਦਾ ਜਿੱਥੇ ਉਹ ਜਾਇਦਾਦ ਸਥਿਤ ਹੈ। ਕੀਮਤ ਨਾਲ ਜੁੜੀਆਂ ਸੀਮਾਵਾਂ ਹਨ:

**ਗ੍ਰੇਟਰ ਮੈਲਬਰਨ ਅਤੇ ਜਿਲਾਂਗ - $950,000**

**ਖੇਤਰੀ ਵਿਕਟੋਰੀਆ - $600,000**

ਪਾਤਰ ਸਬਰਬਾਂ ਦੀ ਪੂਰੀ ਸੂਚੀ ਲਈ ਇਹ ਵੈੱਬਸਾਈਟ ਵੇਖੋ: **sro.vic.gov.au/homebuyer/eligiblelocations**

## ਕਿਹੜੇ-ਕਿਹੜੇ ਰਿਣਦਾਤਾ Homebuyer Fund ਉੱਤੇ ਭਾਗੀਦਾਰ ਹਨ?

ਭਾਗ ਲੈਣ ਵਾਲੇ ਜਿਨ੍ਹਾਂ ਰਿਣਦਾਤਾਵਾਂ ਨੇ Homebuyer Fund ਉੱਤੇ ਵਿਕਟੋਰੀਆਈ ਸਰਕਾਰ ਨਾਲ ਭਾਈਵਾਲੀ ਕੀਤੀ ਹੈ, ਉਨ੍ਹਾਂ ਦੇ ਵੇਰਵਿਆਂ ਲਈ vic.gov.au/homebuyer ਵੈੱਬਸਾਈਟ ਵੇਖੋ।

## ਮੇਰੀ ਇਸ ਵਿੱਚ ਦਿਲਚਸਪੀ ਹੈ। ਅਗਲਾ ਕਦਮ ਕੀ ਹੈ?

ਆਪਣੇ ਖ਼ੁਦ ਦੇ ਘਰ ਦੇ ਮਾਲਕ ਬਣਨ ਦਾ ਪਹਿਲਾ ਕਦਮ ਪਾਤਰਤਾ ਜਾਂਚ ਪੂਰੀ ਕਰਨਾ ਹੈ। SRO ਦੀ ਵੈੱਬਸਾਈਟ **vic.gov.au/homebuyer** ਵੇਖੋ।

## ਮੈਂ ਸੰਪਰਕ ਕਿਵੇਂ ਕਰਾਂ?

ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ SRO ਨਾਲ ਹੇਠਾਂ ਦੱਸੇ ਤਰੀਕਿਆਂ ਨਾਲ ਸੰਪਰਕ ਕਰੋ:

ਟੈਲੀਫੋਨ: (03) 7020 1549

ਈਮੇਲ: **homebuyer@sro.vic.gov.au**

ਵੈੱਬ: **vic.gov.au/homebuyer**